# ਪੰਜਾਬੀ ਯੂਨੀਵਰਸਿਟੀ ਪਟਿਆਲਾ

1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ

ਨੰਬਰ 2279..../ਓ.ਐਸ.ਏ-8

ਮਿਤੀ 2/12/2020

ਮੁੱਖੀ/ਬਰਾਂਚ ਅਫ਼ਸਰ/ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ,
ਸਮੂਹ ਅਧਿਆਪਨ/ਖੋਜ/ਗੈਰਅਧਿਆਪਨ ਵਿਭਾਗ/ਬਰਾਂਚਾਂ ਅਤੇ
ਪਟਿਆਲਾ ਸ਼ਹਿਰ ਤੋਂ ਬਾਹਰ ਸਥਿਤ ਯੂਨੀਵਰਸਿਟੀ ਦੇ ਨੇਬਰਹੁੱਡ ਕੈਂਪਸ/ਸੈਂਟਰ/ਕਾਲਜ

ਸ੍ਰੀਮਾਨ/ਸ੍ਰੀਮਤੀ ਜੀ,

ਪੰਜਾਬੀ ਯੂਨੀਵਰਸਿਟੀ ਇੰਪਲਾਈਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ ਜਿਸ ਦੀ ਅਵਧੀ 29-08-2020 ਤੱਕ ਹੈ, ਦਾ ਮੰਤਵ ਉਨ੍ਹਾਂ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇਣਾ ਹੈ ਜਿਹੜੇ ਯੂਨੀਵਰਸਿਟੀ ਸੇਵਾ ਦੌਰਾਨ ਕੁਦਰਤੀ ਜਾਂ ਕਿਸੇ ਦੁਰਘਟਨਾ ਕਾਰਨ ਅਕਾਲ ਚਲਾਣਾ ਕਰ ਜਾਂਦੇ ਹਨ। ਇਹ ਸਕੀਮ ਰਿਟਾਇਰ/ਸੇਵਾ ਮੁਕਤ ਹੋਏ/ਕੀਤੇ ਕਰਮਚਾਰੀਆਂ ਲਈ ਵੀ ਲਾਭਦਾਇਕ ਹੈ, ਕਿਉਂਕਿ ਵੈਲਫੇਅਰ ਸਕੀਮ ਫੰਡ ਵਿਚ ਉਪਲਬਧ ਰਕਮ (ਜਿਸ ਵਿਚ ਵਿਆਜ ਵੀ ਸ਼ਾਮਲ ਹੋਵੇਗਾ) ਵਿਚੋਂ ਇਨ੍ਹਾਂ ਨੂੰ ਅਦਾਇਗੀ ਵੀ ਕੀਤੀ ਜਾਂਦੀ ਹੈ। ਇਸ ਸਕੀਮ ਲਈ ਬਣਦੇ ਸਾਲਾਨਾ ਯੋਗਦਾਨ ਦੀ ਕਟੌਤੀ ਕਰਮਚਾਰੀਆਂ ਦੇ ਜੀ.ਪੀ.ਐਫ/ਸੀ.ਪੀ.ਐਫ ਤੇ ਮਿਲਣ ਵਾਲੇ ਸਾਲਾਨਾ ਵਿਆਜ ਵਿਚੋਂ ਕੀਤੀ ਜਾਣੀ ਹੁੰਦੀ ਹੈ। ਪ੍ਰੰਤੂ ਜੇਕਰ ਕਿਸੇ ਕੇਸ ਵਿੱਚ ਕਿਸ਼ਤ ਦੀ ਵਸੂਲੀ ਜੀ.ਪੀ.ਐਫ/ਸੀ.ਪੀ.ਐਫ. ਦੇ ਵਿਆਜ ਵਿੱਚੋਂ ਕਰਨੀ ਸੰਭਵ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਕੁੱਲ ਕਟੌਤੀ ਸਬੰਧਿਤ ਕਰਮਚਾਰੀ ਦੀ ਤਨਖਾਹ ਵਿੱਚੋਂ ਕੀਤੀ ਜਾਂਦੀ ਹੈ। ਇਸ ਸਕੀਮ ਸੰਬੰਧੀ ਯੋਗਦਾਨ ਦੀਆਂ ਦਰਾਂ ਅਤੇ ਕਰਮਚਾਰੀ ਦੇ ਸਵਰਗਵਾਸ ਹੋਣ ਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਵਾਲੀ ਰਾਸ਼ੀ ਦਾ ਵੇਰਵਾ ਹੇਠ ਪ੍ਰਕਾਰ ਹੈ :-

| ਵਰਗ | ਸਾਲਾਨਾ ਯੋਗਦਾਨ | ਸਵਰਗਵਾਸ ਹੋਣ ਤੇ ਮਿਲਣ ਵਾਲੀ ਰਾਸ਼ੀ |
|---|---|---|
| 'ੳ' | 1800/ ਰੁਪਏ ਪ੍ਰਤੀ ਸਾਲ | 2,25,000/- ਰੁਪਏ |
| 'ਅ' | 1080/ ਰੁਪਏ ਪ੍ਰਤੀ ਸਾਲ | 1,35,000/- ਰੁਪਏ |
| 'ੲ' | 540/ ਰੁਪਏ ਪ੍ਰਤੀ ਸਾਲ | 67,500/- ਰੁਪਏ |

ਪੰਜਾਬੀ ਯੂਨੀਵਰਸਿਟੀ ਇੰਪਲਾਈਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ ਦੇ ਨਿਯਮ ਇਸ ਪੱਤਰ ਦੇ ਪਿਛਲੇ ਪਾਸੇ ਦਰਸਾਏ ਗਏ ਹਨ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਨੇ ਆਪਣੇ ਵਿਭਾਗ/ਬ੍ਰਾਂਚ ਵਿਚ ਕੰਮ ਕਰਦੇ ਅਧਿਆਪਨ/ਗੈਰ ਅਧਿਆਪਨ ਅਮਲੇ ਤੋਂ ਸਕੀਮ ਨੋਟ ਕਰਵਾਉਣ ਅਤੇ ਜਿਹੜੇ ਕਰਮਚਾਰੀ ਇਸ ਸਕੀਮ ਦੇ ਮੈਂਬਰ ਬਣਨਾ ਚਾਹੁੰਦੇ ਹਨ ਉਨ੍ਹਾਂ ਦੀ ਸਹਿਮਤੀ ਨੱਥੀ ਪ੍ਰੋਫਾਰਮੇ ਤੇ ਲੈ ਕੇ ਆਮੁੱਖ ਪੱਤਰ ਰਾਹੀਂ ਇਸ ਦਫ਼ਤਰ ਨੂੰ 11-12-2020 ਤੱਕ ਭੇਜਣ ਦੀ ਖੇਚਲ ਕਰਨੀ ਤਾਂ ਜੋ ਇਸ ਸਕੀਮ ਦੇ ਮੈਂਬਰ ਬਣਨ ਲਈ ਆਪਣੀ ਇੱਛਾ ਪ੍ਰਗਟ ਕਰਨ ਵਾਲੇ ਕਰਮਚਾਰੀਆਂ ਦੀ ਗਿਣਤੀ ਨੂੰ ਧਿਆਨ ਵਿਚ ਰੱਖ ਕੇ ਇਸ ਨੂੰ ਅੱਗੋਂ ਚਲਦਾ ਰੱਖਣ ਜਾਂ ਖਤਮ ਕਰਨ ਬਾਰੇ ਫੈਸਲਾ ਲਿਆ ਜਾ ਸਕੇ।

ਵਿਸ਼ਵਾਸ਼ਪਾਤਰ

27.11.2020

ਵਿੱਤ ਅਫ਼ਸਰ

ਨੱਥੀ ਉਪਰੋਕਤ ਅਨੁਸਾਰ

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਨਿਯਮਾਂਵਲੀ :- ਪੰਜਾਬੀ ਯੂਨੀਵਰਸਿਟੀ ਇੰਪਲਾਈਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ ।

1. ਇਸ ਸਕੀਮ ਦਾ ਨਾਂ ਪੰਜਾਬੀ ਯੂਨੀਵਰਸਿਟੀ ਇੰਪਲਾਈਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ ਹੋਵੇਗਾ ਅਤੇ ਇਹ ਸਿੰਡੀਕੇਟ ਵਲੋਂ ਨਿਰਧਾਰਿਤ ਕੀਤੀ ਜਾਣ ਵਾਲੀ ਮਿਤੀ ਤੋਂ ਦੁਬਾਰਾ ਲਾਗੂ ਹੋਵੇਗੀ।

2. ਇਸ ਸਕੀਮ ਦਾ ਮੰਤਵ ਉਨ੍ਹਾਂ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇਣਾ ਹੈ ਜਿਹੜੇ ਕਰਮਚਾਰੀ ਯੂਨੀਵਰਸਿਟੀ ਸੇਵਾ ਦੌਰਾਨ ਕੁਦਰਤੀ ਜਾਂ ਕਿਸੇ ਦੁਰਘਟਨਾ ਵਸ ਅਕਾਲ ਚਲਾਣਾ ਕਰ ਜਾਂਦੇ ਹਨ। ਇਹ ਸਕੀਮ ਰਿਟਾਇਰ/ਸੇਵਾਮੁਕਤ ਹੋਏ/ਕੀਤੇ ਕਰਮਚਾਰੀਆਂ ਲਈ ਵੀ ਲਾਭਦਾਇਕ ਹੋਵੇਗੀ। ਕਿਉਂਕਿ ਅਜਿਹੇ ਕਰਮਚਾਰੀਆਂ ਨੂੰ ਰਿਟਾਇਰ/ਸੇਵਾਮੁਕਤ ਹੋਣ/ਕੀਤੇ ਜਾਣ ਤੇ ਵੈਲਫੇਅਰ ਸਕੀਮ ਫੰਡ ਵਿੱਚ ਉਪਲੱਬਧ ਰਕਮ (ਜਿਸ ਵਿੱਚ ਵਿਆਜ਼ ਵੀ ਸ਼ਾਮਲ ਹੋਵੇਗਾ) ਵਿਚੋਂ ਅਦਾਇਗੀ ਕਰ ਦਿੱਤੀ ਜਾਵੇਗੀ।

3. ਸਕੀਮ ਲਈ ਬਣਦੇ ਸਾਲਾਨਾ ਯੋਗਦਾਨ ਦੀ ਕਟੌਤੀ ਕਰਮਚਾਰੀਆਂ ਦੇ ਜੀ.ਪੀ.ਐਫ/ਸੀ.ਪੀ.ਐਫ ਤੇ ਮਿਲਣ ਵਾਲੇ ਸਾਲਾਨਾ ਵਿਆਜ ਵਿਚੋਂ ਕੀਤੀ ਜਾਇਆ ਕਰੇਗੀ ਪ੍ਰੰਤੂ ਜਿਸ ਕੇਸ ਵਿਚ ਕਿਸ਼ਤ ਦੀ ਵਸੂਲੀ ਜੀ.ਪੀ.ਐਫ/ਸੀ.ਪੀ.ਐਫ ਦੇ ਵਿਆਜ ਵਿਚੋਂ ਕਰਨੀ ਸੰਭਵ ਨਹੀਂ ਹੋਵੇਗੀ ਉਸ ਕੇਸ ਵਿਚ ਕੁੱਲ ਕਟੌਤੀ ਤਨਖਾਹ ਵਿਚੋਂ ਕੀਤੀ ਜਾਇਆ ਕਰੇਗੀ।

4. ਜੇ ਇਕ ਵਰਗ ਦਾ ਕਰਮਚਾਰੀ ਤਰੱਕੀ ਪਾ ਕੇ ਉਚੇਰੇ ਵਰਗ ਵਿਚ ਚਲਾ ਜਾਂਦਾ ਹੈ ਤਾਂ ਉਸ ਦਾ ਯੋਗਦਾਨ ਸੰਬੰਧਿਤ ਵਰਗ ਲਈ ਨਿਰਧਾਰਿਤ ਯੋਗਦਾਨ ਅਨੁਸਾਰ ਵੱਧ ਜਾਵੇਗਾ ਅਤੇ ਉਸ ਦੁਆਰਾ ਪਹਿਲਾਂ ਪਾਇਆ ਕੁਲ ਯੋਗਦਾਨ ਉਸ ਦੇ ਨਵੇਂ ਵਰਗ ਦੇ ਖਾਤੇ ਵਿਚ ਪਾ ਦਿੱਤਾ ਜਾਵੇਗਾ। ਇਸ ਬਾਰੇ ਬਿਨੈਕਾਰ/ਕਰਮਚਾਰੀ ਲੇਖਾ ਸ਼ਾਖਾ ਨੂੰ ਇਕ ਮਹੀਨੇ ਦੇ ਅੰਦਰ ਖੁਦ ਸੂਚਿਤ ਕਰੇਗਾ।

5. ਕੁਦਰਤੀ ਜਾਂ ਦੁਰਘਟਨਾ ਕਾਰਣ ਸਵਰਗਵਾਸ ਹੋਣ ਵਾਲੇ ਹਰ ਕਰਮਚਾਰੀ ਦੇ ਕੇਸ ਵਿਚ ਮਿਲਣ ਵਾਲੀ ਰਾਸ਼ੀ ਦੀ ਅਦਾਇਗੀ ਕਰਮਚਾਰੀ ਦੇ ਪਰਿਵਾਰ ਦੇ ਕੇਵਲ ਉਸ ਮੈਂਬਰ ਨੂੰ ਹੋ ਸਕੇਗੀ ਜਿਸ ਦੀ ਨਾਮਜ਼ਦਗੀ ਕਰਮਚਾਰੀ ਵਲੋਂ ਜੀ.ਪੀ.ਐਫ/ਸੀ.ਪੀ.ਐਫ ਲੈਣ ਲਈ ਭਰੀ ਹੋਵੇਗੀ। ਇਹ ਨਾਮਜ਼ਦਗੀ ਨਾ ਹੋਣ ਦੀ ਸੂਰਤ ਵਿਚ ਅਦਾਇਗੀ ਕਾਨੂੰਨੀ ਵਾਰਸ/ਵਾਰਸਾਂ ਨੂੰ ਕੀਤੀ ਜਾਵੇਗੀ।

6. ਇਸ ਸਕੀਮ ਦੀ ਮੈਨੇਜਮੈਂਟ ਹੇਠ ਲਿਖੀ ਕਮੇਟੀ ਕਰੇਗੀ :-
   1. ਰਜਿਸਟਰਾਰ (ਚੇਅਰਮੈਨ)
   2. ਪ੍ਰੋਫੈਸਰ ਇੰਚਾਰਜ (ਵਿੱਤ)
   3. ਵਿੱਤ ਅਫ਼ਸਰ
   4. ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ, ਪੰਜਾਬੀ ਯੂਨੀਵਰਸਿਟੀ ਕੈਟਾਗਰੀ 'ਏ' ਕਲਾਸ ਆਫੀਸਰਜ਼ ਐਸੋਸੀਏਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਨਾਨ ਟੀਚਿੰਗ ਸੰਘ ਦਾ ਇਕ-ਇਕ ਨੁਮਾਇੰਦਾ ਪ੍ਰਧਾਨ/ਸਕੱਤਰ ਵੀ ਸ਼ਾਮਲ ਹੋਣਗੇ।

7. ਕਿਸੇ ਕਿਸਮ ਦੇ ਝਗੜੇ ਵਿਚ ਉਪਰੋਕਤ ਨਿਯਮ 6 ਵਿਚ ਦੱਸੀ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

8. ਇਸ ਸਕੀਮ ਦੇ ਸਾਰੇ ਅਕਾਊਂਟ ਵਿੱਤ ਅਫ਼ਸਰ ਦੀ ਦੇਖ ਰੇਖ ਵਿਚ ਲੇਖਾ ਸ਼ਾਖਾ ਰਾਹੀ ਰੱਖੇ ਜਾਣਗੇ।

9. ਇਸ ਸਕੀਮ ਅਧੀਨ ਉਪਲਬਧ ਰਕਮ ਤੇ ਵਿਆਜ ਦੀ ਦਰ ਬੈਂਕ ਵਲੋਂ ਦਿੱਤੇ ਜਾਣ ਵਾਲੇ ਵਿਆਜ ਦੇ ਆਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ।

10. ਕਰਮਚਾਰੀਆਂ ਵਲੋਂ ਕੰਟਰੀਬਿਊਟ ਕੀਤੀ ਰਾਸ਼ੀ ਸਟੇਟ ਬੈਂਕ ਆਫ਼ ਇੰਡੀਆ ਜਾਂ ਵਿੱਤੀ ਸਟੈਚੂਟ 4 ਮੁਤਾਬਕ ਸਿੰਡੀਕੇਟ ਦੀ ਪ੍ਰਵਾਨਗੀ ਨਾਲ ਕਿਸੇ ਹੋਰ ਅਨੁਸੂਚਿਤ ਬੈਂਕ ਵਿਚ ਚਲੰਤ ਲੇਖੇ ਜਾਂ ਮਿਆਦੀ ਜਮ੍ਹਾਂ ਦੇ ਤੌਰ ਅਤੇ ਯੂਨਿਟ ਟਰੱਸਟ ਆਫ਼ ਇੰਡੀਆ ਦੀ ਕਿਸੇ ਸਕੀਮ ਵਿਚ ਪੂੰਜੀ ਵਜੋਂ ਲਾਈ ਜਾ ਸਕਦੀ ਹੈ।

11. ਇਸ ਸਕੀਮ ਅਧੀਨ ਕੀਤੀ ਜਾਣ ਵਾਲੀ ਅਦਾਇਗੀ ਨੂੰ ਦੂਜੀਆਂ ਅਦਾਇਗੀਆਂ ਨਾਲ ਨਾ ਜੋੜਿਆ ਜਾਵੇ ਅਤੇ ਕਰਮਚਾਰੀ ਨੂੰ ਰਿਟਾਇਰ ਹੋਣ ਤੇ ਜਾਂ ਉਸ ਦੇ ਕੁਦਰਤੀ ਜਾਂ ਦੁਰਘਟਨਾ ਵਸ ਸਵਰਗਵਾਸ ਹੋਣ ਤੇ ਉਸ ਵਲੋਂ ਨੋਮੀਨੇਟ ਕੀਤੇ ਵਿਅਕਤੀ ਨੂੰ 15 ਦਿਨਾਂ ਦੇ ਅੰਦਰ-ਅੰਦਰ ਬਣਦੀ ਅਦਾਇਗੀ ਕਰ ਦਿੱਤੀ ਜਾਵੇ।

## ਪੰਜਾਬੀ ਯੂਨੀਵਰਸਿਟੀ,ਪਟਿਆਲਾ

1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ

**ਦਫ਼ਤਰ ਵਿਖੇ ਸਹਿਮਤੀ ਪਹੁੰਚਣ ਦੀ ਆਖਰੀ ਮਿਤੀ 11-12-2020**

ਪੰਜਾਬੀ ਯੂਨੀਵਰਸਿਟੀ ਇੰਪਲਾਈਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ (2020-25) ਦੀ ਸਹਿਮਤੀ ਲਈ ਪ੍ਰੋਫਾਰਮਾ।

1. ਕਰਮਚਾਰੀ ਦਾ ਨਾਂ ਅਤੇ ਅਹੁੱਦਾ ---------------------------------------
2. ਪਿਤਾ ਦਾ ਨਾਂ ---------------------------------------
3. ਵਿਭਾਗ/ਬਰਾਂਚ ਅਤੇ ਫੋਨ ਨੰਬਰ ---------------------------------------
   ---------------------------------------
4. ਰਿਟਾਇਰ ਹੋਣ ਦੀ ਮਿਤੀ ---------------------------------------
5. ਬੈਂਕ ਖਾਤਾ ਨੰਬਰ ---------------------------------------
6. ਜੀ.ਪੀ.ਐਫ/ਸੀ.ਪੀ.ਐਫ. ਖਾਤਾ ਨੰਬਰ ---------------------------------------
   **(ਜੇਕਰ ਪੈਨਸ਼ਨ ਆਪਟ ਕੀਤੀ ਹੋਈ ਹੈ)**
7. ਘਰ ਦਾ ਪੱਕਾ ਪਤਾ ---------------------------------------
   ---------------------------------------

ਮੈਂ ਯੂਨੀਵਰਸਿਟੀ ਨੂੰ ਅਧਿਕਾਰ ਦਿੰਦਾ ਹਾਂ/ਦਿੰਦੀ ਹਾਂ ਕਿ ਮੇਰੇ ਜੀ.ਪੀ.ਐਫ./ਸੀ.ਪੀ.ਐਫ. ਤੇ ਮਿਲਣ ਵਾਲੇ ਸਾਲਾਨਾ ਵਿਆਜ਼ ਵਿੱਚੋ ਉਕਤ ਸਕੀਮ ਲਈ ਨਿਮਨ ਅਨੁਸਾਰ ਕਟੌਤੀ ਕਰ ਲਈ ਜਾਵੇ।

| | |
|---|---|
| 'ੳ' ਵਰਗ | 1800/ ਰੁ. ਪ੍ਰਤੀ ਸਾਲ |
| 'ਅ' ਵਰਗ | 1080/ ਰੁ. ਪ੍ਰਤੀ ਸਾਲ |
| 'ੲ' ਵਰਗ | 540/ ਰੁ. ਪ੍ਰਤੀ ਸਾਲ |

ਪੰਜਾਬੀ ਯੂਨੀਵਰਸਿਟੀ ਇੰਪਲਾਇਜ਼ ਕੰਟਰੀਬਿਊਟਰੀ ਵੈਲਫੇਅਰ ਸਕੀਮ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਮੈ ਵੱਚਨਬੱਧ ਹਾਂ ਅਤੇ ਸਕੀਮ ਦੇ ਨਿਯਮਾਂ ਵਿੱਚ ਜੇਕਰ ਕਿਸੇ ਪ੍ਰਕਾਰ ਦੀ ਕੋਈ ਸੋਧ ਕੀਤੀ ਜਾਂਦੀ ਹੈ ਤਾਂ ਉਸ ਨੂੰ ਆਪਣੇ ਤੇ ਲਾਗੂ ਸਮਝਾਂਗਾ/ਸਮਝਾਂਗੀ।

ਕਰਮਚਾਰੀ ਦੇ ਹਸਤਾਖਰ
(ਮਿਤੀ ਸਹਿਤ)

ਪ੍ਰਤੀ ਹਸਤਾਖਰ

ਮੁੱਖੀ ਵਿਭਾਗ/ਬਰਾਂਚ
(ਮੋਹਰ ਸਮੇਤ)

### ਦਫ਼ਤਰੀ ਵਰਤੋਂ ਲਈ

1. ਯੂਨੀਵਰਸਿਟੀ ਦਫ਼ਤਰ ਵਿਖੇ ਲਿਖਤੀ ਸਹਿਮਤੀ ਪਹੁੰਚਣ ਦੀ ਮਿਤੀ ------------------------
2. ਮੈਬਰਸ਼ਿਪ ਨੰਬਰ ------------------------
3. ਚੈਕ ਕਰਨ ਉਪਰੰਤ ਸਹੀ ਪਾਇਆ ------------------------

ਸਹਾਇਕ/ਨਿਗਰਾਨ ਲੇਖਾ (੪)